# ਖ਼ੁਲਾਸਾ ਖ਼ੁਤਬਾ ਜੁਮੱਾ 22.08.14

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅਸੀਂ ਮਹਿਮਾਨਾਂ ਦੀ ਸੇਵਾ ਕਰਨੀ ਹੈ ਅਤੇ ਵਾਸਤਵਿਕ ਰੂਪ ਵਿੱਚ ਅਜਿਹੀ ਸੇਵਾ ਕਰਨੀ ਹੈ ਜੋ ਸਾਨੂੰ ਖ਼ੁਸ਼ੀ ਪਹੁੰਚਾਉਣ ਵਾਲੀ ਹੋਵੇ । ਇਸ ਲਈ ਸਾਡੇ ਹਰ ਆਉਣ ਵਾਲੇ ਮਹਿਮਾਨ ਨਾਲ ਸਾਨੂੰ ਉਸੇ ਪ੍ਰਕਾਰ ਖ਼ੁਸ਼ੀ ਮਿਲਣੀ ਚਾਹੀਦੀ ਹੈ ਜਿਵੇਂ ਆਪਣੇ ਸਜੱਣ ਮਹਿਮਾਨ ਨੂੰ ਦੇਖਕੇ ਹੁੰਦੀ ਹੈ ਕਿਸੇ ਕਰੀਬੀ ਨੂੰ ਦੇਖਕੇ ਹੁੰਦੀ ਹੈ ਅਤੇ ਜੱਦ ਅਜਿਹੀ ਖ਼ੁਸ਼ੀ ਹੋਵੇ ਤਾਂ ਹੀ ਸੇਵਾ ਦਾ ਹਕ ਪੂਰਾ ਹੁੰਦਾ ਹੈ ।**

ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਦੀ ਮਿਹਰ ਨਾਲ ਇੰਸ਼ਾਅਲੱਾਹ, ਅਹਮਦੀਆ ਮੁਸਲਿਮ ਜਮਾਤ ਬਰਤਾਨੀਆ ਦਾ ਸਾਲਾਨਾ ਜਲਸਾ ਅਗੱਲੇ ਜੁੱਮੇ ਤੋਂ ਅਰੰਭ ਹੋ ਰਿਹਾ ਹੈ ਹੈ । ਜਲਸਾਗਾਹ ਵਿੱਚ ਹੁਣ ਤੱਕ ਵਾਹਵਾ ਤਿਆਰੀ ਦੇ ਕੰਮ ਪੂਰੇ ਵੀ ਹੋ ਚੁਕੇ ਹਨ । ਮਹਿਮਾਨ ਵੀ ਆਉਂਣੇ ਸ਼ੁਰੂ ਹੋ ਚੁਕੇ ਹਨ । ਅਲੱਾਹ ਤਆਲਾ ਉਹਨਾਂ ਸਾਰਿਆਂ ਮਹਿਮਾਨਾਂ ਨੂੰ ਜੋ ਜਲਸੇ ਦੀਆਂ ਬਰਕਤਾਂ ਲੈਣ ਲਈ ਸਫ਼ਰ ਕਰ ਰਹੇ ਹਨ ਜਾਂ ਆ ਚੁਕੇ ਹਨ ਜਾਂ ਭਵਿੱਖ ਵਿੱਚ ਆਉਣ ਵਾਲੇ ਹਨ, ਅਲੱਾਹ ਤਆਲਾ ਉਹਨਾਂ ਸਾਰਿਆਂ ਦੀ ਰੱਖਿਆ ਕਰੇ । ਅਲੱਾਹ ਤਆਲਾ ਸਾਰਿਆਂ ਨੂੰ ਆਪਣੀ ਸੁਰੱਖਿਆ ਤੇ ਅਮਾਨ ਵਿੱਚ ਰੱਖੇ । ਨ ਕੇਵਲ ਅਹਮਦੀਆਂ ਨੂੰ ਸਗੋਂ ਦੁਨੀਆ ਦੇ ਹਰ ਵਿਅਕਤੀ ਨੂੰ ਅਤੇ ਉਹ ਅਮਨ ਤੇ ਸਕੂਨ ਨੂੰ ਪਾਉਣ ਵਾਲੇ ਹੋਣ ਜਿਸ ਦੇ ਲਈ ਇਸ ਯੁੱਗ ਵਿੱਚ ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜਿਆ ਹੈ ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਵਾਲੰਟੀਯਰ ਦੀ ਭਾਵਨਾ ਹੇਠ ਸਾਡੇ ਜਲਸੇ ਦੇ ਪ੍ਰਬੰਧ ਸਿਰੇ ਚੜ੍ਹਦੇ ਹਨ । ਇਸ ਹਵਾਲੇ ਨਾਲ ਇਕ ਜੁਮੱਾ ਪਹਿਲਾਂ ਜਲਸੇ ਦੇ ਕਾਰਜ ਕਰਤਾਵਾਂ ਨੂੰ ਉਹਨਾਂ ਦੀਆਂ ਜ਼ਿੰਮੇਦਾਰੀਆਂ ਵੱਲ ਧਿਆਨ ਦੁਆਉਂਦਾ ਹਾਂ । ਇਸ ਸਮੇਂ ਇਸੇ ਬਾਰੇ ਕੁਝ ਗੱਲਾਂ ਕਰਾਂਗਾ ।

ਕਿਉਂਕਿ ਇਸ ਸਮੇਂ ਮੈਂ ਜਲਸੇ ਦੇ ਮਹਿਮਾਨਾ ਬਾਰੇ ਧਿਆਨ ਖਿਚੱਣਾ ਚਾਹੁੰਦਾ ਹਾਂ ਇਸ ਲਈ ਇਹਨਾਂ ਗੱਲਾਂ ਦਾ ਕੇਂਦਰ ਜਲਸਾ ਸਾਲਾਨਾ ਹੀ ਰਹੇਗਾ । ਜਲਸੇ 'ਤੇ ਆਉਣ ਵਾਲੇ ਮਹਿਮਾਨ ਜਲਸੇ 'ਤੇ ਆ ਰਹੇ ਹਨ ਖ਼ਾਲਸ ਧਾਰਮਕ ਭਾਵਨਾ ਨਾਲ ਆਉਂਦੇ ਹਨ ਅਤੇ ਜਲਸੇ ਵਿੱਚ ਭਾਗ ਲੈਣ ਵਾਲਿਆਂ ਦਾ ਇਹੋ ਉਦੇਸ਼ ਹੋਣਾ ਚਾਹੀਦਾ ਹੈ । ਜੱਦ ਇਹ ਉਦੇਸ਼ ਹੋਵੇ ਤਾਂ ਮਹਿਮਾਨ ਦੀ ਮਹੱਤਾ ਕਈ ਗੁਣਾ ਵੱਧ ਜਾਂਦੀ ਹੈ ਅਤੇ ਵਿਸੇਸ਼ ਤੌਰ'ਤੇ ਜੱਦ ਅਸੀਂ ਦੇਖਦੇ ਹਾਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜਲਸੇ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਧਿਆਨ ਖਿੱਚਿਆ ਹੈ ਅਤੇ ਇਸ ਨੂੰ ਖ਼ਾਲਸ ਧਾਰਮਕ ਉਦੇਸ਼ ਦੱਸਿਆ ਹੈ । ਅਲੱਾਹ ਤਆਲਾ ਦੀ ਰਜ਼ਾ ਪ੍ਰਾਪਤ ਕਰਨ ਦਾ ਸਾਧਨ ਦੱਸਿਆ ਹੈ, ਇਸ ਤੋਂ ਇਸ ਦੀ ਕਿੰਨ੍ਹੀ ਮਹਤੱਾ ਵੱਧ ਜਾਂਦੀ ਹੈ । ਆਉਣ ਵਾਲੇ ਕਿਸੇ ਵਿਅਕਤੀਗੱਤ ਲਾਭ ਲਈ ਨਹੀਂ ਆਉਂਦੇ । ਕਿਸੇ ਸੰਸਾਰਕ ਮੇਲੇ ਵਿੱਚ ਭਾਗ ਲੈਣ ਨਹੀਂ ਆਉਂਦੇ । ਜੇਕਰ ਕੋਈ ਇਸ ਉਦੇਸ਼ ਨਾਲ ਆਉਂਦਾ ਹੈ ਤਾਂ ਆਪਣੇ ਪੁੰਨ ਨੂੰ ਨਸ਼ਟ ਕਰਦਾ ਹੈ । ਇਸ ਲਈ ਏਧਰ ਆਉਂਣ ਵਾਲੇ ਮਹਿਮਾਨ ਜਿੰਨ੍ਹਾ ਦੀ ਸੇਵਾ ਲਈ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਨ ਲਈ ਸਵੈ ਸੇਵਕ ਆਪਣੇ ਆਪਨੂੰ ਪੇਸ਼ ਕਰਦੇ ਹਨ ਇਹ ਮਹਿਮਾਨ ਆਮ ਮਹਿਮਾਨ ਨਹੀਂ ਸਗੋਂ ਵਰਤਮਾਨ ਯੁਗ ਦੇ ਇਮਾਮ ਵੱਲੋਂ ਕਾਇਮ ਕੀਤੇ ਨਿਜ਼ਾਮ'ਤੇ ਲੱਬੈਕ (ਹਾਜ਼ਰ ਹਾਂ) ਕਹਿੰਦਿਆਂ ਹੋਇਆਂ ਰੱਬ ਖ਼ਾਤਰ ਇਕਤੱਰ ਹੋਣ ਵਾਲੇ ਮਹਿਮਾਨ ਹਨ ।

ਕਈ ਵਾਰ ਬਹੁਤਾ ਖਰਚਾ ਕਰਕੇ ਆਪਣੀ ਪਹੁੰਚ ਤੋਂ ਵੱਧ ਖਰਚ ਕਰਕੇ ਏਧਰ ਆਉਂਦੇ ਹਨ ਅਤੇ ਬਹੁਤ ਦੂਰ ਦੂਰ ਤੋਂ ਆਉਂਦੇ ਹਨ । ਇਸ ਲਈ ਇਹ ਯਾਤਰਾ ਹਰ ਪੱਖੋਂ ਬਰਕਤ ਦਾ ਸਬਬ ਬਣ ਜਾਵੇ । ਖ਼ਿਲਾਫ਼ਤ ਨਾਲ ਸਨੇਹ ਉਹਨਾਂ ਨੂੰ ਇਹ ਅਹਿਸਾਸ ਦੁਆ ਰਿਹੀ ਹੁੰਦੀ ਹੈ ਕਿ ਇਹ ਯਾਤਰਾ ਸਮੇਂ ਦੇ ਖ਼ਲੀਫ਼ਾ ਨਾਲ ਭੇਂਟ ਦੀ ਵੀ ਸਬਬ ਬਣ ਜਾਵੇਗੀ । ਸੰਸਾਰ ਦੇ ਵੱਖ ਵੱਖ ਦੇਸ਼ਾਂ ਤੋਂ ਲੋਕ ਆਉਂਦੇ ਹਨ । ਜਿਸ ਵਿੱਚ ਨਵੇਂ ਹੋਏ ਅਹਮਦੀ ਵੀ ਹੁੰਦੇ ਹਨ ਤੇ ਪੁਰਾਣੇ ਵੀ ਹਨ । ਇਹਨਾ ਆਉਂਣ ਵਾਲਿਆਂ ਦੀਆਂ ਅਖੱਾਂ ਵਿੱਚ ਜੱਦ ਮੈਂ ਖ਼ਿਲਾਫ਼ਤ ਨਾਲ ਸਨੇਹ ਦੇਖਦਾ ਹਾਂ ਤਾਂ ਰੱਬ ਦੇ ਧੰਨਵਾਦੀ ਹੋਣ ਦੀਆਂ ਭਾਵਨਾਵਾਂ ਵੱਧਦੀਆਂ ਹਨ ਕਿ ਕਿਵੇਂ ਉਹ ਮੋਮਨੀਨ ਦੇ ਮਨਾਂ ਵਿਚੱ ਖ਼ਿਲਾਫ਼ਤ ਨਾਲ ਸਨੇਹ ਪੈਦਾ ਕਰਦਾ ਹੈ । ਇਹ ਕਿਸੇ ਮਨੁੱਖ ਦੇ ਜਤਨਾਂ ਨਾਲ ਨਹੀਂ ਹੋ ਸਕਦਾ । ਇਹ ਕੇਵਲ ਇਸ ਲਈ ਹੈ ਕਿ ਅਲੱਾਹ ਤਆਲਾ ਨੇ ਇਸ ਇਸ ਯੁੱਗ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜ ਕੇ ਆਪ ਜੀ ਦੇ ਬਾਦ ਇਸ ਨਿਜ਼ਾਮ ਨੂੰ ਜਾਰੀ ਕਰ ਦਿਤੱਾ ਅਤੇ ਇਸ ਲਈ ਕਿ ਦੁਨੀਆ ਨੂੰ ਇਸਲਾਮ ਦੀ ਸੱਚੀ ਤੇ ਹਕੀਕੀ ਵਿਦਿਆ ਨਾਲ ਜਾਣੂ ਕਰਾਇਆ ਜਾ ਸਕੇ । ਇਸ ਲਈ ਕਿ ਇਸਲਾਮ ਦੇ ਪਿਆਰੇ ਤੇ ਸਨੇਹ ਭਰੇ ਸੰਦੇਸ਼ ਨੂੰ ਦੁਨੀਆ ਨੂੰ ਦੱਸਿਆ ਜਾ ਸਕੇ । ਇਸ ਲਈ ਕਿ ਦੁਨੀਆ ਨੂੰ ਇਹ ਦੱਸਿਆ ਜਾਵੇ ਕਿ ਹਕੀਕੀ ਇਸਲਾਮ ਵਿੱਚ ਹੀ ਹੁਣ ਦੁਨੀਆ ਦਾ ਅਮਨ ਹੈ । ਸੋ, ਇਹ ਗੱਲਾਂ ਹਨ ਜਿੰਨ੍ਹਾ ਨੂੰ ਦੇਖਣ ਲਈ, ਸੁਣਨ ਲਈ ਅਤੇ ਸਿਖੱਣ ਲਈ ਲੋਕ ਏਧਰ ਆਉਂਦੇ ਹਨ ਅਤੇ ਇਹੋ ਕਰਣ ਹੈ ਜੋ ਖ਼ਿਲਾਫ਼ਤ ਨਾਲ ਸਨੇਹ ਤੇ ਪਿਆਰ ਹੈ । ਬਰਤਾਨੀਆ ਦੇ ਜਲਸੇ ਉਪੱਰ ਤਾਂ ਵਿਸ਼ਸ਼ ਤੋਰ'ਤੇ ਲੋਕ ਇਸ ਲਈ ਆਉਂਦੇ ਹਨ ਕਿ ਜਲਸੇ ਦੇ ਰੂਹਾਨੀ ਵਾਤਾਵਰਨ ਤੋਂ ਲਾਭ ਉਠਾਉਣਗੇ । ਵਿਦਿਅਕ, ਸਿੱਖਿਅਕ ਅਤੇ ਧਾਰਮਕ ਪ੍ਰੋਗ੍ਰਾਮਾ ਵਿੱਚ ਵੀ ਸ਼ਾਮਲ ਹੋਣਗੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਦੁਆਵਾਂ ਦੇ ਵੀ ਵਾਰਸ ਬਣਨਗੇ ਅਤੇ ਸਮੇਂ ਦੇ ਖ਼ਲੀਫ਼ਾ ਨਾਲ ਮੁਲਾਕਾਤ ਵੀ ਹੋ ਜਾਵੇਗੀ । ਭਾਵ ਇਹ ਕਿ ਏਧਰ ਆਉਣ ਵਾਲਿਆਂ ਦੀ ਭਾਵਨਾਂ ਅਜਿਹੀ ਹੈ ਜੋ ਕਿਸੇ ਹੋਰ ਸੰਸਾਰਕ ਸੰਬੰਧਾ ਵਿੱਚ ਨਹੀਂ ਹੈ ਅਤੇ ਇਸੇ ਗੱਲ ਵੱਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੀਆਂ ਬੈਅਤ ਦੀਆਂ ਸ਼ਰਤਾ ਵਿੱਚ ਧਿਆਨ ਦੁਆਇਆ ਹੈ ।

ਇਸ ਲਈ ਏਧਰ ਆਉਣ ਵਾਲੇ ਮਹਿਮਾਨਾਂ ਦਾ ਅਸਥਾਨ ਇਕ ਵਿਸ਼ੇਸ਼ ਅਸਥਾਨ ਤੇ ਮਹਤੱਾ ਹੈ । ਇਸੇ ਕਰਕੇ ਇਹਨਾ ਮਹਿਮਾਨਾਂ ਦੀ ਸੇਵਾ ਕਰਨ ਵਾਲਿਆਂ ਦੀ ਵੀ ਮਹਤੱਾ ਵੱਧ ਜਾਂਦੀ ਹੈ ਅਤੇ ਇਸੇ ਮਹਤੱਾ ਨੂੰ ਸਮਝਦੇ ਹੋਏ ਹੀ ਜਮਾਤ ਦੇ ਲੋਕ ਆਪਣੇ ਆਪ ਨੂੰ ਸਵੈ ਸੇਵਕ ਦੇ ਰੂਪ ਵਿੱਚ ਪੇਸ਼ ਕਰਦੇ ਹਨ । ਸੰਸਾਰਕ ਪੱਖੋਂ, ਇਕ ਚੰਗੇ ਅਫ਼ਸਰ ਨੂੰ ਵਾਹਵਾ ਕਮਾਉਣ ਵਾਲੇ ਨੂੰ ਦੇਗਾਂ ਉਪੱਰ ਖਾਣਾ ਪਕਾਉਣ, ਰੋਟੀਆਂ ਪਕਾਉਣ ਜਾਂ ਹੋਰਨਾ ਕਾਰਜਾਂ ਉਪੱਰ ਲਾ ਦਿੱਤਾ ਜਾਂਦਾ ਹੈ, ਇੱਥੋਂ ਤੱਕ ਕਿ ਟਾਇਲੈਟਸ ਦੀ ਸਫ਼ਾਈ ਉਪੱਰ ਵੀ ਖੜ੍ਹਾ ਕਰ ਦਿਤਾ ਜਾਵੇ ਤਾਂ ਵੀ ਖਿੜੇ ਮੱਥੇ ਕੰਮ ਕਰਦਾ ਹੈ । ਇਸ ਲਈ ਕਿ ਉਹ ਮਹਿਮਾਨਾ ਦੀ ਸੇਵਾ ਨਾਲ ਉਹ ਅਤਿਅੰਤ ਦੁਆਵਾਂ ਦਾ ਵਾਰਸ ਬਣ ਰਿਹਾ ਹੁੰਦਾ ਹੈ । ਫਿਰ ਇਹੋ ਸੇਵਕ ਗ਼ੈਰ ਅਹਮਦੀ ਮਹਿਮਾਨਾ ਲਈ ਪ੍ਰਚਾਰ ਦਾ ਸਾਧਨ ਬਣ ਰਹੇ ਹੁੰਦੇ ਹਨ । ਇਕ ਬੱਚਾ ਵੀ ਜੱਦ ਜੱਲਸੇਗਾਹ ਵਿੱਚ ਫਿਰ ਫਿਰਕੇ ਪਾਣੀ ਪਿਆ ਰਿਹਾ ਹੁੰਦਾ ਹੈ ਤਾਂ ਉਹ ਵੀ ਇਕ ਗੁੰਮ ਪ੍ਰਚਾਰ ਦਾ ਸਬਬ ਬਣ ਰਿਹਾ ਹੁੰਦਾ ਹੈ । ਉਹ ਵੀ ਇਕ ਖ਼ਮੋਸ਼ ਪ੍ਰਚਾਰ ਕਰ ਰਿਹਾ ਹੁੰਦਾ ਹੈ । ਦੁਨੀਆ ਨੂੰ ਦੱਸ ਰਿਹਾ ਹੁੰਦਾ ਹੈ ਕਿ ਅਸੀਂ ਲੋਕ ਹਾਂ ਜੋ ਦੁਨੀਆ ਵਿੱਚ ਫ਼ਸਾਦ ਪੈਦਾ ਕਰਨ ਲਈ ਨਹੀਂ ਆਏ ਸਗੋਂ ਦੁਨੀਆ ਨੂੰ ਭੌਤਿਕ ਪਾਣੀ ਵੀ ਪਿਆਉਂਦੇ ਹਾਂ ਅਤੇ ਆਤਮਕ ਪਾਣੀ ਵੀ ਪਿਆਉਂਦੇ ਹਾਂ । ਸੋ, ਮਹਿਮਾਨ ਦੀ ਮਹਤੱਾ ਮੇਜ਼ਬਾਨ ਦੀ ਮਹਤੱਾ ਨੂੰ ਵੀ ਵਧਾ ਰਹੀ ਹੁੰਦੀ ਹੈ ਅਤੇ ਇਹ ਚੀਜ਼ ਦੁਨੀਆ ਵਿੱਚ ਕਿਤੇ ਹੋਰ ਦਿਖਾਈ ਨਹੀਂ ਦੇ ਸਕਦੀ । ਸੋ, ਖ਼ੁਸ਼ਕਿਸਮਤ ਹਨ ਉਹ ਸੇਵਕ ਤੇ ਸਵੈ ਸੇਵਕ ਜੋ ਅਜਿਹੇ ਮਹਿਮਾਨਾਂ ਦੀ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕਰਕੇ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਬਣ ਰਹੇ ਹੁੰਦੇ ਹਨ । ਕੁਰਆਨ ਕਰੀਮ ਵਿੱਚ ਵੀ ਅਲੱਾਹ ਤਆਲਾ ਨੇ ਮਹਿਮਾਨ ਨਵਾਜ਼ੀ ਦੀ ਬਹੁਤ ਮਹਤੱਾ ਦੱਸੀ ਹੈ । ਹਜ਼ਰਤ ਇਬਰਾਹੀਮ ਅਲੈਹਿ ਸਲਾਮ ਦੇ ਅਸਥਾਨ ਤੇ ਖ਼ੂਬੀਆਂ ਦਾ ਜੱਦ ਵਰਨਣ ਹੋਇਆਂ ਤਾਂ ਮਹਿਮਾਨ ਨਵਾਜ਼ੀ ਦੇ ਗੁਣ ਦਾ ਵਿਸ਼ੇਸ਼ ਵਰਨਣ ਕੀਤਾ । ਸੋ, ਉਹ ਮੇਜ਼ਬਾਨ ਜੋ ਬਿਨਾ ਕਿਸੇ ਲੋਭ ਦੇ ਮਹਿਮਾਨ ਨਵਾਜ਼ੀ ਕਰਦੇ ਹਨ ਅਜਿਹੇ ਲੋਕਾਂ ਦਾ ਰੱਬ ਨੇੜੇ ਇਕ ਅਸਥਾਨ ਹੈ ਕਿਉਂਕਿ ਉਹ ਸਮਝਦੇ ਹਨ ਕਿ ਮਹਿਮਾਨਾ ਦੀ ਸੇਵਾ ਨਾਲ ਰੱਬ ਰਾਜ਼ੀ ਹੋਵੇਗਾ । ਰੱਬ ਦੀ ਰਜ਼ਾ ਹੀ ਉਹਨਾਂ ਦੇ ਸਮੁੱਖ ਹੁੰਦੀ ਹੈ, ਕੋਈ ਲਾਲਸਾ, ਕੋਈ ਮਤਬਲ ਜਾਂ ਕੋਈ ਧੰਨਵਾਦ ਵਸੂਲ ਕਰਨਾ ਉਹਨਾਂ ਦਾ ਉਦੇਸ਼ ਨਹੀਂ ਹੁੰਦਾ ।

ਇਸ ਲਈ ਦੁਨੀਆ ਵਿੱਚ ਨ ਅਜਿਹੇ ਮਹਿਮਾਨਾ ਦੀ ਉਧਾਰਣ ਮਿਲਦੀ ਹੈ ਜੋ ਕੇਵਲ ਅਲੱਾਹ ਖ਼ਾਤਰ ਯਾਤਰਾ ਕਰ ਰਹੇ ਹੁੰਦੇ ਹਨ ਅਤੇ ਸੰਸਾਰਕ ਲੋਭ ਕੋਈ ਨ ਹੋਵੇ ਅਤੇ ਨ ਹੀ ਅਜਿਹੇ ਮੇਜ਼ਬਾਨਾ ਦੀ ਉਧਾਰਣ ਮਿਲਦੀ ਹੈ ਜੋ ਕੇਵਲ ਅਲੱਾਹ ਦੀ ਰਜ਼ਾ ਖ਼ਾਤਰ ਮਹਿਮਾਨ ਨਵਾਜ਼ੀ ਕਰ ਰਹੇ ਹੋਣ । ਇਹ ਸੁੰਦਰ ਰੂਪ ਰੇਖਾ ਸਾਨੂੰ ਕੇਵਲ ਜਮਾਤ ਅਹਮਦੀਆ ਵਿੱਚ ਹੀ ਦਿਖਾਈ ਦਿੰਦੀ ਹੈ, ਇਸ ਲਈ ਕਿ ਅਲੱਾਹ ਤਆਲਾ ਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਦੇ ਆਦੇਸ਼ਾਂ ਅਨੁਸਾਰ ਵਰਤਮਾਨ ਯੁੱਗ ਦੇ ਇਮਾਮ ਨੂੰ ਅਸੀਂ ਮੰਨਿਆ ਹੈ । ਇਸੇ ਲਈ ਕਿ ਖ਼ਿਲਾਫ਼ਤ ਦੀ ਲੜੀ ਵਿੱਚ ਪਿਰੋਏ ਗਏ ਹਾਂ, ਇਸ ਲਈ ਕਿ ਆਪਣੇ ਪ੍ਰਣ ਪੂਰੇ ਕਰਨ ਦੇ ਜਤਨ ਕਰਦੇ ਹਾਂ ਕਿ ਅਸੀਂ ਧਰਮ ਨੂੰ ਦੁਨੀਆ'ਤੇ ਪਹਿਲ ਦਿਆਂਗੇ । ਹਰ ਸਾਲ ਦਾ ਤਜਰਬਾ ਹੈ ਕਿ ਹਰ ਛੋਟਾ ਵੱਡਾ ਪੁਰੁਸ਼ ਇਸਤਰੀ ਬੱਚਾ ਜੁਆਨ ਤੇ ਬੁੱਢਾ ਇਕ ਵਿਸ਼ੇਸ਼ ਭਾਵਨਾ ਨਾਲ ਸੇਵਾ ਕਰਦਾ ਹੈ । ਸੋ, ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਇਹ ਸੇਵਾ ਇਸ ਸਾਲ ਵੀ ਇੰਸ਼ਾਅਲੱਾਹ ਪੂਰੀ ਭਾਵਨਾ ਨਾਲ ਹੋਵੇਗੀ ਅਤੇ ਹੋ ਰਹੀ ਹੈ । ਜੋ ਵਕਾਰੇ ਅਮਲ (ਨਿਸ਼ਕਾਮ ਸੇਵਾ) ਦੀਆਂ ਰਿਪੋਰਟਾਂ ਮੈਨੂੰ ਮਿਲ ਰਹੀਆਂ ਹਨ ਇਸ ਸਾਲ ਤਾਂ ਰੱਬ ਦੀ ਮਿਹਰ ਨਾਲ ਅਜਿਹੇ ਨੌਜੁਆਨ ਵੀ ਵਕਾਰੇ ਅਮਲ (ਨਿਸ਼ਕਾਮ ਸੇਵਾ) ਵਿੱਚ ਆਰਜ਼ੀ ਵਕਫ਼ ਕਰਕੇ ਸ਼ਾਮਲ ਹੋ ਰਹੇ ਹਨ ਜਿੰਨ੍ਹਾ ਨੂੰ ਪਹਿਲਾਂ ਕੋਈ ਤਜਰਬਾ ਨਹੀਂ ਸੀ । ਇਸ ਲਈ ਉਚਿਤ ਰਹਿਨੁਮਾਈ ਕਰਨਾ ਸਾਡਾ ਫ਼ਰਜ਼ ਹੈ ਅਤੇ ਉਸ ਲਈ ਰੱਬ ਦਾ ਵੀ ਯਾਦਹਾਨੀ ਦਾ ਹੁਕਮ ਹੈ ਕਿ ਉਚਿਤ ਰਹਿਨੁਮਾਈ ਮਿਲਦੀ ਰਹੇ । ਅਤੇ ਅਵਸ਼ ਹੀ ਉਚਿਤ ਰਹਿਨੁਮਾਈ ਤੇ ਮਾਰਗ ਦਰਸ਼ਨਾਂ ਰਾਹੀਂ ਸੁਭਾਵ ਵਿੱਚ ਪਰਿਵਰਤਨ ਪੈਦਾ ਹੁੰਦਾ ਹੈ । ਅਨੇਕਾ ਹੀ ਨਵੇਂ ਭਾਗ ਲੈਣ ਵਾਲੇ ਹਨ ਜਿਨ੍ਹਾ ਨੂੰ ਨਿਜ਼ਾਮ ਦੀ ਪੂਰੀ ਜਾਨਕਾਰੀ ਨਹੀਂ । ਉਹਨਾ ਲਈ ਵੀ ਜ਼ਰੂਰੀ ਹੈ ਕਿ ਉਹਨਾਂ ਨੂੰ ਸੇਵਾ ਦੀ ਭਾਵਨਾ ਦੀ ਹਕੀਕਤ ਦੱਸੀ ਜਾਵੇ । ਭਾਵੇਂ ਉਹਨਾਂ ਨਵੇਂ ਭਾਗ ਲੈਣ ਵਾਲਿਆਂ ਨੂੰ ਦੂਜਿਆਂ ਦੇ ਨਮੂਨੇ ਦੇਖ ਕੇ ਆਪਣੇ ਆਪ ਨੂੰ ਸੇਵਾ ਲਈ ਪੇਸ਼ ਕਰਨ ਦਾ ਉਤਸ਼ਾਹ ਮਿਲਦਾ ਹੈ ਪਰ ਫਿਰ ਵੀ ਧਿਆਨ ਦੇਣ ਦੀ ਲੋੜ ਰਹਿੰਦੀ ਹੈ ਇਸੇ ਪ੍ਰਕਾਰ ਬੱਚੇ ਵੀ ਸ਼ਾਮਲ ਹੋ ਰਹੇ ਹਨ, ਉਹਨਾਂ ਨੂੰ ਵੀ ਡਿਊਟੀਆਂ ਤੇ ਸੇਵਾ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ ਕਿ ਮਹਿਮਾਨਾ ਦੀ ਸੇਵਾ ਕਿਵੇਂ ਕਰਨੀ ਹੈ । ਸੇਵਾ ਦੀ ਮਹਤੱਾ ਦਸੱਣ ਲਈ ਨਸੀਹਤ ਦੀ ਲੋੜ ਹੁੰਦੀ ਹੈ ਇਸ ਲਈ ਅਲੱਾਹ ਤਆਲਾ ਦਾ ਇਹ ਹੁਕਮ ਹੈ ਕਿ : (وَذَكِّرْ فَإِنَّ الذِّكْرَىٰ تَنفَعُ الْمُؤْمِنِينَ (الذاريات 56) ਅਰਥਾਤ ਚੇਤੇ ਕਰਾਉਂਦਾ ਰਹਿ ਕਿਉਂਕਿ ਚੇਤੇ ਕਰਾਉਂਣਾ ਭਲੇ ਲੋਕਾਂ ਨੂੰ ਲਾਭ ਪਹੁੰਚਾਉਂਦਾ ਹੈ ਰੱਬ ਦਾ ਕੋਈ ਹੁਕਮ ਵੀ ਗਿਆਨ ਤੋਂ ਖਾਲੀ ਨਹੀਂ ਹੁੰਦਾ ।

ਇਸ ਲਈ ਹਰ ਡਿਯੂਟੀ ਦੇਣ ਵਾਲੇ ਅਤੇ ਡਿਯੂਟੀ ਦੇਣ ਵਾਲੀਆਂ ਨੂੰ ਉਹਨਾ ਨਾਲ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਹ ਮੁਸਾਫ਼ਰ ਹਨ, ਸਾਡੇ ਮਹਿਮਾਨ ਹਨ, ਅਸੀਂ ਇਹਨਾਂ ਦੀ ਸੇਵਾ ਕਰਨੀ ਹੈ ਅਤੇ ਇਹਨਾਂ ਨਾਲ ਹਰ ਪ੍ਰਕਾਰ ਦਾ ਚੰਗਾ ਵਰਤਾਉ ਕਰਨਾ ਹੈ । ਕਈ ਵਾਰ ਕਈ ਮਹਿਮਾਨਾ ਦੇ ਗ਼ਲਤ ਰਵਈਏ ਵੀ ਹੁੰਦੇ ਹਨ ਪਰ ਫਿਰ ਵੀ ਹੌਸਲੇ ਨਾਲ ਕੰਮ ਲੈਣਾ ਚਾਹੀਦਾ ਹੈ । ਹਰ ਇਕ ਸੇਵਕ ਨੂੰ, ਹਰ ਡਿਯੂਟੀ ਵਾਲੇ ਨੂੰ ਸਬਰ (ਸ਼ਾਂਤੀ) ਦਾ ਪ੍ਰਗਟਾਵਾ ਕਰਦਿਆਂ ਹੋਇਆਂ, ਹਰ ਵਿਭਾਗ ਦੇ ਸੇਵਕ ਨੂੰ ਆਪਣੇ ਫ਼ਰਜ਼ ਪੂਰੇ ਕਰਨੇ ਚਾਹੀਦੇ ਹਨ । ਸਾਨੂੰ ਅਲੱਾਹ ਤਆਲਾ ਨੇ ਨਬੀ ਦੀ ਉਧਾਰਣ ਦੇਕੇ ਕੁਰਆਨ ਕਰੀਮ ਵਿੱਚ ਧਿਆਨ ਦੁਆਇਆ ਹੈ ਕਿ ਮਹਿਮਾਨ ਨੂੰ ਕਿਵੇਂ ਸੰਭਾਲਣਾ ਹੈ । ਮਹਿਮਾਨ ਦੇ ਸਲਾਮ ਦੇ ਉੱਤਰ ਵਿੱਚ ਉਸ ਤੋਂ ਵੱਧ ਸਦਾਚਾਰਕ ਢੰਗ ਨਾਲ ਉੱਤਰ ਦੇਣਾ ਹੈ, ਉਸ ਲਈ ਨੇਕ ਭਾਵਨਾਵਾਂ ਦਾ ਪ੍ਰਗਟਾਵਾ ਕਰਨਾ ਹੈ, ਉਸ ਨੂੰ ਅਮਨ ਤੇ ਸੁਰੱਖਿਆ ਪ੍ਰਦਾਨ ਕਰਨੀ ਹੈ, ਖ਼ੁਸ਼ੀ ਪ੍ਰਕਟ ਕਰਨੀ ਹੈ ਅਤੇ ਹਕੀਕੀ ਸਲਾਮਤੀ ਹੁੰਦੀ ਹੀ ਉਸ ਸਮੇਂ ਹੈ ਜੱਦ ਖ਼ੁਸ਼ੀ ਪਹੁੰਚੇ ।

ਇਸ ਲਈ ਹਰ ਸਮੇਂ ਇਸ ਗੱਲ ਨੂੰ ਸਾਹਮਣੇ ਰੱਖਣਾ ਹੈ ਕਿ ਅਸੀਂ ਮਹਿਮਾਨਾ ਦੀ ਸੇਵਾ ਕਰਨੀ ਹੈ ਅਤੇ ਵਾਸਤਵ ਵਿੱਚ ਅਜਿਹੀ ਸੇਵਾ ਕਰਨੀ ਹੈ ਜੋ ਸਾਨੂੰ ਹਕੀਕੀ ਖ਼ੁਸ਼ੀ ਪਹੁੰਚਾਉਂਣ ਵਾਲੀ ਹੋਵੇ । ਸੋ, ਸਾਡੇ ਹਰ ਆਉਣ ਵਾਲੇ ਮਹਿਮਾਨ ਨਾਲ ਸਾਨੂੰ ਇਉਂ ਖ਼ੁਸ਼ੀ ਮਿਲਣੀ ਚਾਹੀਦੀ ਹੈ ਜਿਵੇਂ ਆਪਣੇ ਨਜ਼ਦੀਕੀ ਸੰਬੰਧੀ ਮਹਿਮਾਨ ਦੇਖ ਕੇ ਹੁੰਦੀ ਹੈ, ਕਿਸੇ ਕਰੀਬੀ ਨੂੰ ਦੇਖਕੇ ਹੁੰਦੀ ਹੈ । ਫਿਰ ਜੱਦ ਅਜਿਹੀ ਖ਼ੁਸੀਂ ਹੋਵੇ ਤਾਂ ਫਿਰ ਹੀ ਸੇਵਾ ਦਾ ਹੱਕ ਪੂਰਾ ਹੁੰਦਾ ਹੈ । ਫਿਰ ਮਹਿਮਾਨ ਨਵਾਜ਼ੀ ਦਾ ਇਹ ਮਿਆਰ ਨਿਰਧਾਰਤ ਕਰਨ ਦੀ ਲੋੜ ਹੈ ਕਿ ਅਸੀਂ ਆਪਣੇ ਸਾਰਿਆਂ ਵਸੀਲਿਆਂ ਅਨੁਸਾਰ, ਆਪਣੀ ਸਮਾਰਥਾ ਅਨੁਸਾਰ ਜੋ ਚੰਗੀ ਮਹਿਮਾਨ ਨਵਾਜ਼ੀ ਦੀ ਸਹੂਲਤ ਪਹੁੰਚਾ ਸਕਦੇ ਹਾਂ ਪਹੁੰਚਾਈਏ । ਪ੍ਰਬੰਧਕਾਂ ਨੂੰ ਸਦਾ ਹੀ ਇਹ ਸੋਚਦੇ ਰਹਿਣਾ ਚਾਹੀਦਾ ਹੈ ।

ਸੋ, ਅਲੱਾਹ ਤਆਲਾ ਸਾਥੋਂ ਅਜਿਹੀ ਮਹਿਮਾਨ ਨਵਾਜ਼ੀ ਚਾਹੁੰਦਾ ਹੈ ਕਿ ਚੰਗੀ ਸਹੂਲਤ ਉਪਲਭਦ ਹੋਵੇ । ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਜੋ ਸਭ ਤੋਂ ਵੱਧ ਅਲੱਾਹ ਤਆਲਾ ਦੇ ਆਦੇਸ਼ਾਂ ਨੂੰ ਸਮਝਣ ਤੇ ਅਮਲ ਕਰਨ ਵਾਲੇ ਸਨ । ਆਪ ਨੇ ਇਸ ਬਾਰੇ ਸਾਡਾ ਕਿਵੇਂ ਮਾਰਗ ਦਰਸ਼ਨ ਕੀਤਾ, ਆਪ ਨੇ ਫ਼ਰਮਾਇਆ ਕਿ ਮਹਿਮਾਨ ਦਾ ਤੁਹਾਡੇ ਉਪੱਰ ਹੱਕ ਹੈ ਉਸ ਨੂੰ ਪੂਰਾ ਕਰੋ । ਅਜਿਹੀਆਂ ਉਧਾਰਣਾ ਵੀ ਹਨ ਕਿ ਮਹਿਮਾਨ ਬਹੁਤੇ ਆ ਗਏ । ਆਪ ਨੇ ਮਹਿਮਾਨ ਸਹਾਬਾ (ਸਾਥੀਆਂ) ਵਿੱਚ ਵੰਡਣੇ ਅਰੰਭ ਕਰ ਦਿੱਤੇ ਅਤੇ ਆਪਣੇ ਹਿੱਸੇ ਵੀ ਮਹਿਮਾਨ ਲੈ ਲਏ । ਉਹਨਾਂ ਨੂੰ ਆਪਣੇ ਘਰ ਲੈ ਗਏ । ਘਰ ਜਾਕੇ ਪਤਾ ਲੱਗਾ ਕਿ ਥੋੜਾ ਜਿਹਾ ਖਾਣਾ ਤੇ ਪਾਣੀ ਹੈ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਜੱਦ ਪੁੱਛਿਆ ਤਾਂ ਉਹਨਾਂ ਨੇ ਅਰਜ਼ ਕੀਤੀ ਕਿ ਆਪ ਦੀ ਇਫ਼ਤਾਰੀ ਲਈ ਥੋੜਾ ਜਿਹਾ ਰੱਖਿਆ ਹੋਇਆ ਹੈ, ਘਰ ਵਿੱਚ ਕੇਵਲ ਉਹੋ ਹੈ ਹੋਰ ਕੁਝ ਨਹੀਂ । ਆਪ ਨੇ ਉਸ ਵਿੱਚੋਂ ਥੋੜਾ ਜਿਹਾ ਚੱਖਿਆ ਅਤੇ ਮਹਿਮਾਨ ਨੂੰ ਕਿਹਾ ਹੁਣ ਤੁਸੀਂ ਖਾਓ ਅਤੇ ਫਿਰ ਰਿਵਾਇਤਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਸ ਥੋੜੇ ਜਿਹੇ ਖਾਣੇ ਨਾਲ ਜੋ ਹਜ਼ਰਤ ਆਇਸ਼ਾ ਅਨੁਸਾਰ ਕੇਵਲ ਆਪ ਦੀ ਇਫ਼ਤਾਰੀ ਲਈ ਸੀ ਮਹਿਮਾਨ ਵੀ ਰੱਜ ਗਏ ।

ਆਪ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਸਹਾਬਾ ਦੀ ਵੀ ਇਸੇ ਢੰਗ ਨਾਲ ਟ੍ਰੇਨਿੰਗ ਕੀਤੀ ਹੋਈ ਸੀ ਕਿ ਸਹਾਬਾ ਵੀ ਮਹਿਮਾਨ ਨਵਾਜ਼ੀ ਦੀ ਅਤਿਅੰਤ ਭਾਵਨਾ ਰੱਖਦੇ ਸਨ । ਅਤੇ ਮਹਿਮਾਨ ਦਾ ਇਹੋ ਹੱਕ ਹੈ ਜੋ ਆਪ ਸਲਲੱਾਹੁ ਅਲਹਿ ਵਨਲੱਮ ਨੇ ਸਥਾਪਤ ਕੀਤਾ ਅਤੇ ਮੋਮਨਾ ਨੂੰ ਇਸ ਵੱਲ ਧਿਆਨ ਦੁਆਇਆ ਕਿ ਇਸ ਹੱਕ ਨੂੰ ਪੂਰਾ ਕਰੋ । ਇਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਟ੍ਰੇਨਿੰਗ ਦਾ ਹੀ ਪ੍ਰਭਾਵ ਸੀ ਅਤੇ ਸਹਾਬਾ ਵਿੱਚ ਆਪ ਸਲਲੱਹੁ ਅਲੈਹਿ ਵਸਲੱਮ ਦੇ ਪਦਚਿੰਨ੍ਹਾ ਉਪੱਰ ਚਲੱਣ ਦਾ ਸ਼ੌਕ ਸੀ ਜਿਸ ਕਰਕੇ ਸਹਾਬਾ ਵਿੱਚ ਵੀ ਮਹਿਮਾਨ ਨਵਾਜ਼ੀ ਦੀਆਂ ਹੈਰਾਨੀ ਭਰੀਆਂ ਉਧਾਰਣਾ ਮਿਲਦੀਆਂ ਹਨ । ਮਹਿਮਾਨ ਨਵਾਜ਼ੀ ਦੀਆਂ ਅਜਿਹੀਆਂ ਉਧਾਰਣਾ ਹਰ ਜਿਸ ਨੇ ਅਲੱਾਹ ਤਆਲਾ ਨੂੰ ਵੀ ਖ਼ੁਸ਼ ਕਰ ਦਿਤੱਾ ਅਤੇ ਇਸੇ ਖ਼ੁਸ਼ੀ ਦਾ ਪ੍ਰਗਟਾਵਾ ਅਲੱਾਹ ਤਆਲਾ ਨੇ ਉਸੇ ਸਮੇਂ ਜੱਦ ਮਹਿਮਾਨ ਦੀ ਮਹਿਮਾਨ ਨਵਾਜ਼ੀ ਹੋ ਰਹੀ ਸੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਵੀ ਕਰ ਦਿੱਤਾ । ਉਹ ਕਿਸ ਉਚਕੋਟਿ ਦੇ ਮੇਜ਼ਬਾਨ ਸਨ, ਪਤੀ ਪਤਨੀ ਅਤੇ ਬੱਚੇ ਜਿੰਨ੍ਹਾ ਲਈ ਅਲੱਾਹ ਤਆਲਾ ਨੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾਂ ਕੀਤਾ । ਅਲੱਾਹ ਵੱਲੋਂ ਉਹਨਾਂ ਨੂੰ ਸਨਮਾਨ ਮਿਲਿਆ, ਇਸ ਦਾ ਵਿਸਥਾਰ ਇਕ ਰਿਵਾਇਤ ਵਿੱਚ ਇਉ ਵਰਨਣ ਹੈ :

ਹਜ਼ਰਤ ਅਬੁਹੁਰੈਰਾ ਬਿਆਨ ਕਰਦੇ ਹਨ ਕਿ ਇਕ ਮੁਸਾਫ਼ਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਕੋਲ ਆਇਆ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਘਰ ਸੰਦੇਸ਼ ਭੇਜਿਆ ਕਿ ਮਹਿਮਾਨ ਲਈ ਖਾਣਾ ਭਿਜਵਾਓ । ਘਰੋਂ ਜਵਾਬ ਆਇਆ ਕਿ ਅੱਜ ਘਰ ਵਿੱਚ ਪਾਣੀ ਤੋਂ ਬਿਨਾਂ ਹੋਰ ਕੁਝ ਨਹੀਂ ਹੈ । ਇਸ'ਤੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਸਹਾਬਾ ਤੋਂ ਪੁੱਛਿਆ ਕਿ ਇਸ ਮਹਿਮਾਨ ਦੇ ਖਾਣੇ ਦਾ ਪ੍ਰਬੰਧ ਕੌਣ ਕਰੇਗਾ । ਇਕ ਅੰਸਾਰੀ ਨੇ ਅਰਜ਼ ਕੀਤੀ ਕਿ ਹਜ਼ੂਰ ਮੈਂ ਇਸ ਦਾ ਪ੍ਰਬੰਧ ਕਰਦਾ ਹਾਂ । ਸੋ, ਉਹ ਘਰ ਗਿਆ ਅਤੇ ਆਣੀ ਪਤਨੀ ਨੂੰ ਕਿਹਾ ਕਿ ਹਜ਼ਰਤ ਮੁਹਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਹਿਮਾਨ ਖ਼ਾਤਰ ਮਹਿਮਾਨ ਨਵਾਜ਼ੀ ਦਾ ਪ੍ਰਬੰਧ ਕਰੋ । ਪਤਨੀ ਨੇ ਜਵਾਬ ਵਿੱਚ ਕਿਹਾ ਅੱਜ ਘਰ ਵਿੱਚ ਤਾਂ ਕੇਵਲ ਬੱਚਿਆਂ ਲਈ ਖਾਣ ਨੂੰ ਹੈ, ਸਾਡੇ ਖਾਣ ਲਈ ਤਾਂ ਕੁਝ ਵੀ ਨਹੀਂ ਹੈ । ਅੰਸਾਰੀ ਨੇ ਕਿਹਾ ਚੰਗਾ, ਤੁਸੀਂ ਭੋਜਨ ਤਿਆਰ ਕਰੋ ਅਤੇ ਫਿਰ ਦੀਵਾ ਜਗਾਓ ਅਤੇ ਜੱਦ ਬੱਚਿਆਂ ਦੇ ਖਾਣ ਦਾ ਸਮਾਂ ਆਵੇ ਤਾਂ ਉਹਨਾਂ ਨੂੰ ਥਪਕ ਕੇ ਬਹਿਲਾ ਕੇ ਸੁਆ ਦਿਓ । ਸੋ, ਇਸਤਰੀ ਨੇ ਖਾਣਾ ਤਿਆਰ ਕੀਤਾ, ਦੀਵਾ ਜਗਾਇਆ ਗਿਆ ਤੇ ਬੱਚਿਆਂ ਨੂੰ ਕਿਸੇ ਤਰ੍ਹਾਂ ਸੁਆ ਦਿਤਾ । ਫਿਰ ਦੀਵਾ ਠੀਕ ਕਰਨ ਦੇ ਬਹਾਨੇ ਨਾਲ ਉੱਠੀ ਅਤੇ ਜਾਕੇ ਦੀਵਾ ਬੁਝਾ ਦਿੱਤਾ ਅਤੇ ਫਿਰ ਦੋਵੇਂ ਮਹਿਮਾਨ ਨਾਲ ਬੈਠੇ ਅਤੇ ਇਹ ਪ੍ਰਗਟ ਕਰਨ ਲੱਗੇ ਕਿ ਉਹ ਵੀ ਖਾਣਾ ਖਾ ਰਹੇ ਹਨ । ਸੋ, ਉਹ ਦਵੇਂ ਵੀ ਰਾਤ ਨੂੰ ਭੁੱਖੇ ਹੀ ਰਹੇ । ਸਵੇਰੇ ਜੱਦ ਉਹ ਅੰਸਾਰੀ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ ਤਾਂ ਆਪ ਨੇ ਹੱਸ ਕੇ ਫ਼ਰਮਾਇਆ ਕਿ ਤੁਹਾਡੀ ਰਾਤ ਦੀ ਵਿਉਂਤ ਨਾਲ ਤਾਂ ਅਲੱਾਹ ਤਆਲਾ ਨੇ ਵੀ ਮੁਸਕਰਾ ਦਿੱਤਾ । ਫ਼ਰਮਾਇਆ ਕਿ ਤੁਹਾਡੇ ਇਸ ਕਾਰਜ ਨੂੰ ਉਸ ਨੇ ਪਸੰਦ ਕੀਤਾ । ਇਸੇ ਮੌਕੇ ਰਿਵਾਇਤ ਵਿੱਚ ਆਉਂਦਾ ਹੈ ਇਹ ਆਇਤ ਵੀ ਨਾਜ਼ਲ ਹੋਈ ਸੀ ਕਿ ( وَيُؤْثِرُونَ عَلَىٰ أَنفُسِهِمْ وَلَوْ كَانَ بِهِمْ خَصَاصَةٌ وَمَن يُوقَ شُحَّ نَفْسِهِ فَأُولَٰئِكَ هُمُ الْمُفْلِحُونَ (الحشر 10) ਇਹ ਅੰਦਰੂਨ ਪਾਕ ਤੇ ਨਿਸ਼ਕਾਮ ਭਾਵੀ ਭਲੇਪੁਰਖ ਹਨ । ਨਿਸ਼ਕਾਮ ਭਾਵਨਾ ਵਾਲੇ ਤੇ ਭਲੇ ਪਰੁਖ ਆਪਣੇ ਵਿਅਕਤੀਤਵ ਨਾਲੋ ਦੂਜਿਆਂ ਨੂੰ ਅਧਿਕ ਮਹਤੱਾ ਦਿੰਦੇ ਹਨ ਜੱਦ ਕਿ ਉਹ ਆਪ ਲੋੜਵੰਦ ਤੇ ਭੁੱਖੇ ਹੁੰਦੇ ਹਨ ਅਤੇ

ਜੋ ਨਫ਼ਸ ਦੇ ਬੁਖ਼ਲ ਤੋਂ ਬਚਾਏ ਗਏ, ਉਹੋ ਸਫ਼ਲਤਾ ਪਾਉਣ ਵਾਲੇ ਹਨ । ਇਸ ਲਈ ਅੱਜ ਵੀ ਸਾਨੂੰ ਇਸ ਗੱਲ ਨੂੰ ਸਾਹਮਣੇ ਰੱਖਣ ਦੀ ਲੋੜ ਹੈ ਕਿ ਇਹਨੀ ਦਿਨੀ ਆਉਂਣ ਵਾਲੇ ਮਹਿਮਾਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਆਸ਼ਕ ਦੇ ਮਹਿਮਾਨ ਹਨ, ਧਾਰਮਕ ਮੰਤਵ ਲਈ ਯਾਤਰਾ ਕਰਕੇ ਆਉਣ ਵਾਲੇ ਮਹਿਮਾਨ ਹਨ । ਅੱਜ ਵੀ ਭਾਵੇਂ ਉਦੇਸ਼ ਇਕ ਹੈ ਪਰ ਹਾਲਾਤ ਵੱਖ ਹਨ । ਇੱਥੇ ਤਾਂ ਹੁਣ ਸਭ ਕੁਝ ਦੇਕੇ ਫਿਰ ਸੇਵਕਾਂ ਨੂੰ ਕਿਹਾ ਜਾਂਦਾ ਹੈ ਕਿ ਵੱਖ ਵੱਖ ਪ੍ਰਬੰਧਾਂ ਹੇਠ ਕੰਮ ਕਰਨ ਲਈ ਆਪਣੇ ਆਪ ਨੂੰ ਪੇਸ਼ ਕਰੋ । ਨਿਜ਼ਾਮੇ ਜਮਾਤ ਬਾਕੀ ਸਹੂਲਤਾਂ ਉਪਲਭਦ ਕਰੇਗਾ ।

ਸੋ, ਜਿਵੇਂ ਕਿ ਮੈਂ ਕਿਹਾ ਕਿ ਆਪ ਸਾਰੇ ਸੇਵਕ ਪੁਰੁਸ਼ ਇਸਤਰੀਆਂ ਅਤੇ ਬੱਚੇ ਖ਼ੁਸ ਕਿਸਮਤ ਹਨ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮਹਿਮਾਨਾ ਦੀ ਸੇਵਾ ਲਈ ਨਿਯੁਕਤ ਕੀਤੇ ਗਏ ਹਨ । ਇਸ ਯੁੱਗ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਪਦਚਿੰਨ੍ਹਾ ਵਿੱਚ ਸਾਨੂੰ ਆਪਣੇ ਆਕਾ ਦੀ ਪੈਰ੍ਹਵੀ ਵਿੱਚ ਉਹ ਨਮੂਨੇ ਦਿਖਾਈ ਦਿੰਦੇ ਹਨ ਜੱਦ ਆਪ ਨੇ ਮਹਿਮਾਨਾਂ ਦੀ ਮਹਿਮਾਨ ਨਵਾਜ਼ੀ ਲਈ ਆਪਣਾ ਆਰਾਮ ਵੀ ਕੁਰਬਾਨ ਕਰ ਦਿੱਤਾ ਅਤੇ ਸਰਦੀ ਵਿੱਚ ਬਿਨਾ ਕਿਸੇ ਰਜ਼ਾਈ ਬਿਸਤਰ ਦੇ ਰਾਤ ਲੰਘਾਈ । ਖਾਣੇ ਦੇ ਪ੍ਰਬੰਧਾਂ ਲਈ ਹਜ਼ਰਤ ਅੱਮਾਂ ਜਾਨ ਦੇ ਗਹਿਣਿਆਂ ਨੂੰ ਰਕਮ ਦੇ ਬੰਦੋਬਸਤ ਲਈ ਵਰਤਿਆ । ਅਤੇ ਇਹੋ ਕੁਰਬਾਨੀ ਦੀ ਭਾਵਨਾ ਆਪ ਦੇ ਸਹਾਬਾ ਨੇ ਸਾਨੂੰ ਦਿਖਾਈ ਜੋ ਦੂਜਿਆਂ ਦੇ ਆਰਾਮ ਨੂੰ ਆਪਣੇ ਆਰਾਮ'ਤੇ ਪਹਿਲ ਦਿੰਦੇ ਸਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜਲਸੇ ਬਾਰੇ ਇਸ ਗੱਲ ਦਾ ਵੀ ਪ੍ਰਗਟਾਵਾ ਕੀਤਾ ਕਿ ਸਾਡੇ ਲੋਕ ਅਜਿਹਾ ਕਰਨ ਵਾਲੇ ਨਹੀਂ ਹੋਣੇ ਚਾਹੀਦੇ ਜੋ ਆਪਣੇ ਆਪ ਨੂੰ ਦੂਜਿਆਂ ਉਪੱਰ ਪਹਿਲ ਦਿੰਦੇ ਹੋਣ ਸਗੋਂ ਕੁਰਬਾਨੀ ਕਰਨੀ ਚਾਹੀਦੀ ਹੈ । ਸੋ, ਇਹ ਪਾਠ ਹੈ ਸਾਡੇ ਸੇਵਕਾਂ ਲਈ । ਕਈ ਵਾਰ ਕਈ ਹਾਲਤਾਂ ਵਿੱਚ ਕਿਤੇ ਕੋਈ ਕਮੀ ਆ ਜਾਂਦੀ ਹੈ ਤਾਂ ਪਰੇਸ਼ਾਨ ਨਹੀਂ ਹੋਣਾ ਚਾਹੀਦਾ, ਸਗੋਂ ਮਹਿਮਾਨਾਂ ਖਾਤਰ ਕੁਰਬਾਨੀ ਕਰਨੀ ਚਾਹੀਦੀ ਹੈ ।

ਫਿਰ ਆਪ ਅਲੈਹਿ ਨਲਾਮ ਦੇ ਨਮੂਨੇ ਦਾ ਵਰਨਣ ਕਰਨਾ ਚਾਹੁੰਦਾ ਹਾਂ, ਪਰ ਇਸ ਤੋਂ ਪਹਿਲਾਂ (ਠੀਕ ਹੈ) ਜੋ ਸਾਡੇ ਕੰਮ ਕਰਨ ਵਾਲੇ ਅਹੁਦੇਦਾਰਾਂ ਲਈ ਵੀ ਇਕ ਨਮੂਨਾ ਹੈ ਅਤੇ ਕਾਰਕੁਨਾਂ ਲਈ ਵੀ ਇਕ ਸਬਕ ਹੈ । ਹਜ਼ਰਤ ਸ਼ੇਖ ਯਾਕੂਬ ਅਲੀ ਇਰਫ਼ਾਨੀ ਲਿਖਦੇ ਹਨ ਕਿ ਕਿ ਜੰਗੇ ਮੁਕਦੱਸ ਦੀ ਤਕਰੀਬ ਸਮੇਂ ਬਹੁਤ ਸਾਰੇ ਮਹਿਮਾਨ ਇਕਤੱਰ ਹੋ ਗਏ ਸਨ । ਇਕ ਦਿਨ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਲਈ ਖਾਣਾ ਰੱਖਣਾ ਜਾਂ ਪੇਸ਼ ਕਰਨਾ ਭੁੱਲ ਗਿਆ । ਮੈਂ ਆਪਣੀ ਪਤਨੀ ਨੂੰ ਤਾਕੀਦ ਕੀਤੀ ਹੋਈ ਸੀ ਪਰ ਉਹ ਕਾਰਜਾਂ ਵਿੱਚ ਲੀਨ ਰਹਿਣ ਕਰਕੇ ਭੁੱਲ ਗਈ । ਇੱਥੋਂ ਤੱਕ ਕਿ ਵਾਹਵਾ ਰਾਤ ਹੋ ਗਈ ਅਤੇ ਹਜ਼ਰਤ ਨੇ ਵਾਹਵਾ ਉਡੀਕ ਮਗਰੋ ਪੁਛਿਆ, ਖਾਣੇ ਬਾਰੇ ਪੁੱਛਿਆ ਤਾਂ ਸਾਰਿਆਂ ਨੂੰ ਚਿੰਤਾ ਹੋਈ । ਬਜ਼ਾਰ ਵੀ  ਬੰਦ ਹੋ ਚੁਕਾ ਸੀ ਅਤੇ ਖਾਣਾ ਨ ਮਿਲ ਸਕਿਆ । ਹਜ਼ੂਰ ਨੂੰ ਅਸਲ ਅਵਸਥਾ ਬਾਰੇ ਜਾਣਕਾਰੀ ਦਿੱਤੀ ਗਈ । ਆਪ ਨੇ ਫ਼ਰਮਾਇਆ ਐਨ੍ਹੀ ਘਬਰਾਹਟ ਤੇ ਕਸ਼ਟ ਦੀ ਕੀ  ਲੋੜ ਹੈ । ਦਸਤਰਖਵਾਨ ਵਿੱਚ ਦੇਖ ਲਓ, ਕੁਝ ਬੱਚਿਆ ਹੋਵੇਗਾ, ਉਹੋ ਬਹੁਤ ਹੈ । ਦਸਤਰਖ਼ਵਾਨ ਦੇਖਿਆ ਤਾਂ ਉਸ ਵਿੱਚ ਰੋਟੀਆਂ ਦੇ ਕੁਝ ਟੁਕੜੇ ਸਨ । ਆਪ ਨੇ ਫ਼ਰਮਾਇਆ ਇਹੋ ਬਹੁਤ ਹਨ ਅਤੇ ਉਹਨਾਂ ਵਿੱਚੋਂ ਇਕ ਦੋ ਟੁਕੜੇ ਲੈਕੇ ਖਾ ਲਏ ਅਤੇ ਬਸ । ਇਹ ਸ਼ੇਖ ਯਾਕੂਬ ਅਲੀ ਸਾਹਬ ਲਿਖਦੇ ਹਨ ਕਿ ਵੇਖਣ ਨੂੰ ਭਾਵੇਂ ਇਹ ਘਟਨਾ ਮਮੂਲੀ ਹੋਵੇਗੀ ਪਰ ਇਸ ਤੋਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਾਦਗੀ ਦਾ ਹੈਰਾਨੀ ਭਰਿਆ ਆਚਰਣ ਉਭੱਰਕੇ ਸਾਹਮਣੇ ਆਉਂਦਾ ਹੈ । ਖਾਣੇ ਲਈ ਉਸ ਸਮੇਂ ਨਵੇਂ ਸਿਰਿਓਂ ਪ੍ਰਬੰਧ ਹੋ ਸਕਦਾ ਸੀ ਅਤੇ ਉਸ ਵਿੱਚ ਸਾਰਿਆਂ ਨੂੰ ਖ਼ੁਸ਼ੀ ਹੁੰਦੀ ਪਰ ਆਪ ਨੇ ਇਹ ਪਸੰਦ ਨਹੀਂ ਕੀਤਾ ਕਿ ਕੁਵੇਲੇ ਕਸ਼ਟ ਦਿੱਤਾ ਜਾਵੇ ਅਤੇ ਨ ਹੀ ਇਸ ਗੱਲ ਦੀ ਪਰਵਾਹ ਕੀਤੀ ਕਿ ਸਾਜ ਸੱਜਾ ਨਾਲ ਭਰਿਆ ਖਾਣਾ ਆਪ ਲਈ ਨਹੀਂ ਆਇਆ ਅਤੇ ਨ ਹੀ ਇਸ ਗ਼ਫ਼ਲਤ ਤੇ ਬੇ ਪਰਵਾਹੀ'ਤੇ ਕਿਸੇ ਨੂੰ ਪੁੱਛਗਿੱਛ ਕੀਤੀ ਅਤੇ ਨ ਹੀ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਸਗੋਂ ਅਤਿਅੰਤ ਖ਼ੁਸ਼ੀ ਤੇ ਖਿੜੇ ਮੱਥੇ ਦੂਜਿਆਂ ਦੀ ਘਬਰਾਹਟ ਨੂੰ ਦੂਰ ਕਰ ਦਿੱਤਾ ।

ਇਸ ਲਈ ਜੇਕਰ ਕਦੇ ਕੋਈ ਅਜਿਹਾ ਮੌਕਾ ਪੈਦਾ ਹੋ ਜਾਵੇ ਤਾਂ ਹਮੇਸ਼ਾਂ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ । ਬਹੁਤੀ ਗਿਣਤੀ ਤਾਂ ਸਾਡੇ ਸੇਵਕਾਂ ਦੀ ਅਜਿਹੀ ਹੈ ਜੋ ਚੰਗੇ ਆਚਰਣ ਦਿਖਾਉਣ ਵਾਲੀ ਹੈ ਇਸ ਦੀ ਪਰਵਾਹ ਨਹੀਂ ਕਰਦੀ । ਪਰ ਕਈ ਵਾਰ ਕਈ ਸ਼ਿਕਾਇਤਾਂ ਕਰਨ ਵਾਲੇ ਵੀ ਹੁੰਦੇ ਹਨ । ਉਹਨਾਂ ਨੂੰ ਵੀ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ । ਪਰ ਹਰ

ਵਿਭਾਗ ਦੇ ਅਫਸਰ ਅਤੇ ਖ਼ੁਰਾਕ ਵਿਭਾਗ ਜਾਂ ਮਹਿਮਾਨ ਨਵਾਜ਼ੀ ਦਾ ਵੀ ਕੰਮ ਹੈ ਕਿ ਆਪਣੇ ਕਾਰਕੁਨਾ (ਸੇਵਕਾਂ) ਲਈ ਪਹਿਲਾਂ ਪ੍ਰਬੰਧ ਕਰਕੇ ਰੱਖਿਆ ਕਰਨ ਤਾਂ ਜੋ ਉਹ ਆਪਣੀ ਡਿਯੂਟੀ ਤੋ ਵਿਹਲੇ ਹੋਕੇ ਆਉਣ ਤਾਂ ਉਹਨਾਂ ਨੂੰ ਖਾਣਾ ਉਪਲਭਦ ਹੋ ਸਕੇ ਜਾਂ ਕੋਈ ਹੋਰ ਪ੍ਰਬੰਧ ਹੋਵੇ । ਇਕ ਉਸੂਲੀ ਹਿਦਾਇਤ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਾਨੂੰ ਦਿੱਤੀ ਹੈ, ਉਸਨੂੰ ਕਾਰਕੁਨਾਂ ਨੂੰ ਸਦਾ ਸਾਹਮਣੇ ਰੱਖਣ ਚਾਹੀਦੀ ਹੈ । ਮਹਿਮਾਨਾ ਦੇ ਪ੍ਰਬੰਧ ਤੇ ਮਹਿਮਾਨ ਨਵਾਜ਼ੀ ਬਾਰੇ ਗੱਲ ਹੋਈ ਤਾਂ ਆਪ ਨੇ ਫ਼ਰਮਾਇਆ ਕਿ ਮੇਰਾ ਹਮੇਸ਼ਾਂ ਇਹ ਵਿਚਾਰ ਰਹਿੰਦਾ ਹੈ ਕਿ ਕਿਸੇ ਮਹਿਮਾਨ ਨੂੰ ਕਸ਼ਟ ਨ ਹੋਵੇ ਸਗੋ ਉਸ ਲਈ ਸਦਾ ਤਾਕੀਦ ਕਰਦਾ ਰਹਿੰਦਾ ਹਾਂ ਕਿ ਜਿੱਥੋਂ ਸਕੇ ਮਹਿਮਾਨ ਨੂੰ ਆਰਾਮ ਦਿੱਤਾ ਜਾਵੇ । ਮਹਿਮਾਨ ਦਾ ਦਿਲ ਸ਼ੀਸ਼ੇ ਵਾਂਗ ਕੋਮਲ ਹੁੰਦਾ ਹੈ ਰਤਾ ਜਿੰਨੀ ਠੋਕਰ ਨਾਲ ਟੁੱਟ ਜਾਂਦਾ ਹੈ । ਇਸ ਤੋਂ ਪਹਿਲਾਂ ਮੈਂ ਪ੍ਰਬੰਧ ਕੀਤਾ ਹੋਇਆ ਸੀ, ਆਪ ਵੀ ਮਹਿਮਾਨਾ ਨਾਲ ਖਾਣਾ ਖਾਇਆ ਕਰਦੇ ਸਨ, ਪਰ ਜੱਦ ਰੋਗ ਵੱਧ ਗਿਆ ਅਤੇ ਪਰਹੇਜ਼ੀ ਖਾਣਾ ਖਾਣਾ ਪਿਆ ਤਾਂ ਫਿਰ ਉਹ ਪ੍ਰਬੰਧ ਨ ਰਹਿ ਸਕਿਆ । ਨਾਲ ਹੀ ਮਹਿਮਾਨਾ ਦੀ ਗਿਣਤੀ ਐਨ੍ਹੀ ਹੋ ਗਈ ਕਿ ਇਕ ਥਾਂ ਪ੍ਰਬੰਧ ਬਹੁਤ ਨ ਹੁੰਦਾ ਸੀ ਇਸ ਲਈ ਮਜਬੂਰੀ ਕਰਕੇ ਵੱਖ ਵੱਖ ਥਾਈਂ ਪ੍ਰਬੰਧ ਹੋਇਆ । ਸਾਡੇ ਵੱਲੋਂ ਹਰ ਇਕ ਨੂੰ ਆਗਿਆ ਹੈ ਕਿ ਉਹ ਆਪਣੇ ਕਸ਼ਟ ਪੇਸ਼ ਕਰ ਦਿਆ ਕਰੇ । ਕਈ ਲੋਕ ਰੋਗੀ ਹੁੰਦੇ ਹਨ, ਉਹਨਾਂ ਲਈ ਖਾਣੇ ਦਾ ਵੱਖਰਾ ਪ੍ਰਬੰਧ ਹੋ ਸਕਦਾ ਹੈ ।

ਇਸ ਲਈ ਇਸ ਗੱਲ ਨੂੰ ਸਦਾ ਚੇਤੇ ਰੱਖਣਾ ਚਾਹੀਦਾ ਹੈ ਕਿ ਕਦੇ ਵੀ ਕਿਸੇ ਮਹਿਮਾਨ ਨੂੰ ਭਾਵਨਾਤਮਕ ਠੋਕਰ ਨਹੀਂ ਪਹੁੰਚਾਉਣੀ, ਸਦਾ ਉੱਚੇ ਆਚਰਣ ਦਾ ਪ੍ਰਗਟਾਵਾ ਕਰਨਾ ਹੈ । ਹਰ ਸੇਵਕ (ਕਾਰਕੁਨ) ਦਾ ਹਰ ਥਾਂ ਫ਼ਰਜ਼ ਹੈ । ਜੇਕਰ ਕੋਈ ਕਸ਼ਟ ਦਾ ਪ੍ਰਗਟਾਵਾ ਕਰੇ ਵੀ ਤਾਂ ਬਜਾਏ ਇਸ ਦੇ ਕਿ ਰੁੱਖਾ ਸੁੱਕਾ ਉਤੱਰ ਦੇ ਦਿੱਤਾ ਜਾਵੇ, ਉਸ ਦੇ ਕਸ਼ਟ ਨੂੰ ਦੂਰ ਕਰਨ ਦਾ ਜਤਨ ਕੀਤਾ ਜਾਵੇ ।

ਅੰਤ ਵਿੱਚ ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਅਲੱਾਹ ਤਆਲਾ ਦੀ ਮਿਹਰ ਨਾਲ ਵੱਖ ਵੱਖ ਵਿਭਾਗਾਂ ਵਿੱਚ ਹੁਣ ਕਾਰਕੁਨਾ (ਸੇਵਕਾਂ) ਦੀ ਵਾਹਵਾ ਟ੍ਰੇਨਿੰਗ ਹੋ ਚੁਕੀ ਹੈ ਅਤੇ ਉਹ ਆਪਣੇ ਕਾਰਜਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਉਸ ਨੂੰ ਕਰਨ ਦੀ ਸੂਜਬੂਝ ਵੀ ਹੈ । ਪਰ ਕਈ ਵਾਰ ਲੋੜ ਤੋਂ ਵੱਧ ਆਤਮਵਿਸ਼ਵਾਸ ਪ੍ਰਬੰਧ ਵਿੱਚ ਉਣਤਾਈਆਂ ਪੈਦਾ ਕਰ ਦਿੰਦਾ ਹੈ । ਵਿਸ਼ਵਾਸ ਤਾਂ ਰੱਖਣ, ਪਰ ਇਸ ਦੇ ਸਬਬ ਬਰੀਕੀ ਵਿੱਚ ਜਾਕੇ ਉਸ ਦੇ ਸਾਰੇ ਅੰਗਾ ਵੱਲ ਧਿਆਨ ਦੇਣ ਵਿੱਚ ਕਦੇ ਵੀ ਸੁਸੁਤੀ ਨ ਕਰਨ ।

ਫਿਰ ਦੂਜੀ ਇਹ ਗੱਲ ਹੈ ਕਿ ਜੋ ਵਿਭਾਗ ਸਿਕਓਰਟੀ ਦਾ ਹੈ ਉਸ ਨੂੰ ਵਿਸ਼ੇਸ਼ ਰੂਪ ਵਿੱਚ ਚੁਕੰਨਾ ਹੋਣ ਦੀ ਲੋੜ ਹੈ ਜਿਵੇਂ ਤੀਬਰਤਾ ਨਾਲ ਜਮਾਤ ਦੁਨੀਆ ਵਿੱਚ ਜਾਣੂ ਹੋ ਰਹੀ ਹੈ, ਪ੍ਰਗਤੀ ਵੱਲ ਕਦਮ ਵੱਧ ਰਹੇ ਹਨ । ਜਿਸ ਕਰਕੇ ਕੀਨਾ ਤੇ ਸਾੜਾ ਕਰਨ ਵਾਲੇ ਵਿਰੋਧੀਆਂ ਦੀ ਗਿਣਤੀ ਵੀ ਵੱਧ ਰਹੀ ਹੁੰਦੀ ਹੈ ਅਤੇ ਜਮਾਤ ਦੇ ਵਿਰੁਧ ਗੋਂਦਾਂ ਗੁੰਦਣ ਦੇ ਜਤਨ ਵੀ ਵੱਧ ਰਹੇ ਹਨ । ਇਸ ਲਈ ਇਸ ਵਿਭਾਗ ਨੂੰ ਹਰ ਪੱਖੋਂ ਹੁਣ ਤੋਂ ਹੀ ਤਿਆਰ ਹੋਣ ਦੀ ਲੋੜ ਹੈ । ਪਰ ਇਹ ਵੀ ਚੇਤੇ ਰੱਖਣ ਕਿ ਸਿਕਓਰਟੀ ਦੀਆਂ ਸਾਰੀਆਂ ਡੂੰਘਿਆਈਆਂ ਤੇ ਡੂੰਘੀ ਦ੍ਰਿਸਟੀ ਨਾਲ ਨਾਲ ਜਿਵੇਂ ਕਿ ਮੈਂ ਕਿਹਾ ਚੰਗੇ ਆਚਰਣ ਦੇ ਪ੍ਰਗਟਾਵੇ ਵਿੱਚ ਕਮੀ ਨਹੀਂ ਆਉਂਣੀ ਚਾਹੀਦੀ । ਹਰ ਥਾਂ ਜਿੱਥੇ ਚੈਕਿੰਗ ਦੇ ਪੁਆਇੰਟਸ ਹਨ ਓਥੇ ਡਿਯੂਟੀ ਦੇਣ ਵਾਲੇ ਚੰਗਾ ਆਚਰਣ ਪੇਸ ਕਰਨ ਵਾਲੇ ਹੋਣ ਅਤੇ ਹਰ ਥਾਂ ਕੇਵਲ ਬੱਚੇ ਨ ਹੋਣ ਸਗੋਂ ਵੱਡੇ ਸਮਝਦਾਰ ਲੋਕ ਵੀ ਹਰ ਥਾਂ ਮੌਜੂਦ ਹੋਣੇ ਚਾਹੀਦੇ ਹਨ । ਅਤੇ ਸਭ ਤੋਂ ਵੱਧਕੇ ਇਹ ਕੰਮ ਕਰਨ ਵਾਲੇ ਆਪਣੇ ਕੰਮਾ ਨੂੰ ਚੰਗੇ ਢੰਗ ਨਾਲ ਨੇਪਰੇ ਚੜ੍ਹਨ ਲਈ ਦੁਆਵਾਂ ਕਰਨ । ਸਾਡੇ ਸਾਰੇ ਕੰਮ ਕਿਸੇ ਦੀ ਯੋਗਤਾ ਅਤੇ ਜਤਨ ਨਾਲ ਨਹੀਂ ਸਗੋਂ ਕੇਵਲ ਅਲੱਾਹ ਤਆਲਾ ਦੀ ਮਦਦ ਨਾਲ ਹੁੰਦੇ ਹਨ ਅਤੇ ਅਲੱਾਹ ਤਆਲਾ ਦੀ ਮਦਦ ਤੇ ਮਿਹਰ ਨੂੰ ਪ੍ਰਾਪਤ ਕਰਨ ਲਈ ਦੁਆ ਬਹੁਤ ਮਹਤੱਵਪੂਰਨ ਹੈ ਜਿਸ ਨੂੰ ਸਾਨੂੰ ਕਦੇ ਨਹੀਂ ਭੁਲੱਣਾ ਚਾਹੀਦਾ । ਇਸੇ ਪ੍ਰਕਾਰ ਸਾਨੂੰ ਸਾਰਿਆਂ ਨੂੰ ਵੀ ਕਾਰਕੁਨਾਂ ਤੋਂ ਬਿਨਾ ਵੀ ਦੁਆ ਕਰਨੀ ਚਾਹੀਦੀ ਹੈ । ਹਰ ਇਕ ਨੂੰ ਕਿ ਅਲੱਾਹ ਤਆਲਾ ਜਲਸੇ ਦੇ ਪ੍ਰਬੰਧਾ ਨੂੰ ਆਪਣੀ ਮਿਹਰ ਨਾਲ ਸਮੇਂ ਸਿਰ ਪੂਰਾ ਕਰੇ ਅਤੇ ਹਰ ਪ੍ਰਕਾਰ ਦੇ ਮਹਿਮਾਨਾਂ ਲਈ ਸਹੂਲਤਾਂ ਉਪਲਭਦ ਹੋਣ ।